media release

ਤੁਰੰਤ ਰਿਲੀਜ ਲਈ

# 2019 ਕਮਿਉਨਿਟੀ ਗ੍ਰਾਂਟ ਪ੍ਰੋਗਰਾਮ ਰਾਹੀਂ ਬ੍ਰੈਂਪਟਨ ਵਿੱਚ ਨਿਵੇਸ਼ ਕਰਨਾ

## *ਸਿਟੀ ਤੋਂ ਫੰਡਿਗ ਦੀ ਗ੍ਰਾਂਟ ਲਈ ਭਾਈਚਾਰਾ-ਅਧਾਰਤ ਨੱਬੇ ਸੰਗਠਨਾਂ ਨੂੰ ਮਨਜ਼ੂਰੀ ਦਿੱਤੀ ਗਈ।*

ਬ੍ਰੈਂਪਟਨ, ਓਨਟੈਰੀਓ (3 ਅਪ੍ਰੈਲ, 2019) – ਬ੍ਰੈਂਪਟਨ ਸਿਟੀ ਕਾਉਂਸਿਲ (Brampton City Council) ਨੇ 2019 ਕਮਿਉਨਿਟੀ ਗ੍ਰਾਂਟ ਪ੍ਰੋਗਰਾਮ (2019 Community Grant Program) ਲਈ 90 ਅਰਜ਼ੀਆਂ ਮਨਜ਼ੂਰ ਕੀਤੀਆਂ ਹਨ। ਇਹ 2018 ਵਿੱਚ ਮਨਜ਼ੂਰ ਕੀਤੀਆਂ ਅਰਜ਼ੀਆਂ ਦੀ ਸੰਖਿਆ ਤੋਂ ਦੋ ਗੁਣਾ ਤੋਂ ਵੀ ਵੱਧ ਹੈ, ਜਦੋਂ 34 ਪ੍ਰੋਜੈਕਟਾਂ ਅਤੇ ਪ੍ਰੋਗਰਾਮਾਂ ਨੂੰ ਗ੍ਰਾਂਟਾਂ ਮਿਲੀਆਂ ਸਨ।

13 ਦਸੰਬਰ, 2018 ਤੋਂ 31 ਜਨਵਰੀ, 2019 ਤੱਕ ਦੀ ਇਨਟੇਕ ਮਿਆਦ ਦੇ ਦੌਰਾਨ ਕੁੱਲ 106 ਗ੍ਰਾਂਟ ਪ੍ਰਸਤਾਵ ਮਿਲੇ ਸਨ, ਜੋ ਪਿਛਲੇ ਸਾਲ ਜਮ੍ਹਾਂ ਕੀਤੀਆਂ ਅਰਜ਼ੀਆਂ ਵਿੱਚ 74 ਪ੍ਰਤੀਸ਼ਤ ਦਾ ਵਾਧਾ ਦਰਸਾਉਂਦਾ ਹੈ। ਮਨਜ਼ੂਰ ਕੀਤੀਆਂ ਗ੍ਰਾਂਟਾਂ ਦਾ ਕੁੱਲ ਫੰਡਿੰਗ ਮੁੱਲ $1,530,752.79 ਹੈ, ਜੋ $967,000 ਦੇ ਬੁਨਿਆਦੀ ਸੰਚਾਲਨ ਬਜਟ ਤੋਂ ਵੱਧ ਹੈ। ਵਾਧੂ ਫੰਡ, ਕਮਿਉਨਿਟੀ ਗ੍ਰਾਂਟਸ ਸਰਪਲਸ ਰਿਜਰਵ (Community Grants Surplus Reserve) ਵਿੱਚੋਂ ਕੱਢੇ ਜਾਣਗੇ।

ਕਮਿਉਨਿਟੀ ਗ੍ਰਾਂਟ ਪ੍ਰੋਗਰਾਮ, ਯੋਗ ਸੰਗਠਨਾਂ ਨੂੰ ਉਹਨਾਂ ਦੇ ਕਾਰਜਕਰਮ ਜਾਂ ਪ੍ਰੋਗਰਾਮ ਸਬੰਧੀ ਉਦੇਸ਼ਾਂ ਨੂੰ ਹਾਸਲ ਕਰਨ, ਸੰਗਠਨਾਤਮਕ ਸਮਰੱਥਾ ਵਧਾਉਣ ਅਤੇ ਭਾਈਚਾਰੇ ਦੇ ਨਿਰਮਾਣ ਅਤੇ ਬ੍ਰੈਂਪਟਨ ਦੇ ਸੱਭਿਆਚਾਰਕ ਢਾਂਚੇ ਵਿੱਚ ਯੋਗਦਾਨ ਪਾਉਣ ਵਿੱਚ ਸਹਿਯੋਗ ਦਿੰਦਾ ਹੈ। ਤਿਓਹਾਰਾਂ ਅਤੇ ਕਾਰਜਕਰਮਾਂ, ਕਲਾ ਅਤੇ ਸੱਭਿਆਚਾਰਕ ਪ੍ਰੋਗਰਾਮਾਂ, ਸਪੋਰਟ ਟੂਰਿਜ਼ਮ ਦੀ ਮੇਜਬਾਨੀ ਅਤੇ ਮਨਪਰਚਾਵੇ ਅਤੇ ਕਿਰਿਆਸ਼ੀਲ ਜੀਵਨ ਲਈ ਫੰਡਿੰਗ ਉਪਲਬਧ ਹੈ। ਨੇਬਰਹੁੱਡ ਇਨਿਸ਼ੀਏਟਿਵਸ (Neighbourhood Initiatives) ਲਈ ਵੀ ਇੱਕ ਫੰਡਿੰਗ ਸ਼੍ਰੇਣੀ ਹੈ, ਜਿਸ ਵਾਸਤੇ ਹਰ ਮਹੀਨੇ ਕੈਲੰਡਰ ਸਾਲ ਦੇ ਅੰਤ ਤੱਕ ਜਾਂ ਸਾਰੇ ਫੰਡ ਦਿੱਤੇ ਜਾਣ ਤੱਕ ਲਗਾਤਾਰ ਅਰਜ਼ੀਆਂ ਸਵੀਕਾਰ ਕੀਤੀਆਂ ਜਾਂਦੀਆਂ ਹਨ।

ਮੇਅਰ ਪੈਟਰਿਕ ਬ੍ਰਾਊਨ ਨੇ ਕਿਹਾ, "ਬ੍ਰੈਂਪਟਨ ਵਿੱਚ ਅਜਿਹੇ ਵੰਨ-ਸੁਵੰਨੇ ਭਾਈਚਾਰਕ ਸੰਗਠਨ ਹਨ, ਜੋ ਸਾਡੇ ਸ਼ਹਿਰ ਵਿੱਚ ਜੀਵਨ ਦੇ ਸਾਰੇ ਪੱਖਾਂ ਵਿੱਚ ਸੁਧਾਰ ਕਰਨ ਲਈ ਮਹੱਤਵਪੂਰਨ ਕੰਮ ਕਰ ਰਹੇ ਹਨ। ਸਾਨੂੰ ਖੁਸ਼ੀ ਹੈ ਕਿ ਅਸੀਂ ਕਮਿਉਨਿਟੀ ਗ੍ਰਾਂਟ ਪ੍ਰੋਗਰਾਮ ਦੇ ਦੁਆਰਾ, ਇਹਨਾਂ ਸੰਗਠਨਾਂ ਨੂੰ ਸਹਿਯੋਗ ਕਰ ਰਹੇ ਹਾਂ, ਭਾਈਵਾਲੀਆਂ ਬਣਾ ਰਹੇ ਹਾਂ ਅਤੇ ਬ੍ਰੈਂਪਟਨ ਵਿੱਚ ਸੱਭਿਆਚਾਰਕ ਮੋਜ਼ੈਕ ਵਿੱਚ ਯੋਗਦਾਨ ਪਾ ਰਹੇ ਹਾਂ।"

ਸਾਰੇ ਬਿਨੈਕਾਰਾਂ ਨੂੰ ਉਹਨਾਂ ਦੇ ਪ੍ਰਸਤਾਵ ਦੀ ਸਥਿਤੀ ਦੇ ਸਬੰਧ ਵਿੱਚ ਅਤੇ ਮਨਜ਼ੂਰ ਪ੍ਰਾਪਤਕਰਤਾਵਾਂ ਦੇ ਨਾਲ ਗ੍ਰਾਂਟ ਇਕਰਾਰਨਾਮਿਆਂ ਵਾਸਤੇ ਕੋਆਰਡੀਨੇਟ ਕਰਨ ਲਈ ਸੰਪਰਕ ਕੀਤਾ ਜਾਵੇਗਾ। ਇਸ ਵੇਲੇ ਸਿਟੀ ਕਮਿਉਨਿਟੀ ਗ੍ਰਾਂਟ ਪ੍ਰੋਗਰਾਮ ਦੀ ਸਮੀਖਿਆ ਕਰ ਰਹੀ ਹੈ। ਨਾਲ ਹੀ ਇਸ ਸਾਲ ਦੇ ਬਿਨੈਕਾਰਾਂ ਅਤੇ ਭਾਈਚਾਰਕ ਸਟੇਕਹੋਲਡਰਾਂ ਤੋਂ ਇਸ ਬਾਰੇ ਸੁਝਾਅ ਪ੍ਰਾਪਤ ਕਰਨ ਦੀ ਆਸ ਕਰਦੀ ਹੈ ਕਿ ਪ੍ਰੋਗਰਾਮ ਆਉਣ ਵਾਲੇ ਸਾਲਾਂ ਦੀ ਭਾਈਚਾਰਕ ਲੋੜ ਲਈ ਕਿਵੇਂ ਅਨੁਕੂਲ ਹੋ ਸਕਦਾ ਹੈ।

ਮਨਜ਼ੂਰ ਕੀਤੇ ਗ੍ਰਾਂਟ ਪ੍ਰਾਪਤਕਰਤਾਵਾਂ ਦੀ ਪੂਰੀ ਸੂਚੀ ਲਈ, ਕਮਿਉਨਿਟੀ ਗ੍ਰਾਂਟ ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲਈ, ਜਾਂ ਨੇਬਰਹੁੱਡ ਇਨਿਸ਼ੀਏਟਿਵਸ ਫੰਡਿੰਗ ਸਟ੍ਰੀਮ ਵਾਸਤੇ ਅਰਜ਼ੀ ਦੇਣ ਲਈ, www.brampton.ca/communitygrants ਤੇ ਜਾਓ।

-30-

ਸਿਟੀ ਆਫ ਬ੍ਰੈਂਪਟਨ ਬਾਰੇ ਹੋਰ ਜਾਣਕਾਰੀ ਲਈ, www.brampton.ca ਤੇ ਜਾਓ ਜਾਂ ਸਾਨੂੰ Twitter, Facebook, ਅਤੇ Instagram ਤੇ ਫਾਲੋ ਕਰੋ।

media release


**ਮੀਡੀਆ ਸੰਪਰਕ**

ਮੋਨਿਕਾ ਦੁੱਗਲ (Monika Duggal)

ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ

ਸਟ੍ਰੈਟਜਿਕ ਕਮਿਉਨਿਕੇਸ਼ਨ

ਸਿਟੀ ਆਫ ਬ੍ਰੈਂਪਟਨ

905-874-3426 | Monika.Duggal@brampton.ca